**GP PATIENT SURVEY** | **NHS**

ਸਰਵੇਖਣ ਨੰਬਰ: **1234567890**

ਆਨਲਾਈਨ ਪਾਸਵਰਡ: **AAAAA**

2 ਜਨਵਰੀ 2020

## NHS ਦੀ ਮਦਦ ਕਰਨ ਦਾ ਤੁਹਾਡਾ ਮੌਕਾ

ਮੈਂ ਤੁਹਾਨੂੰ GP Patient Survey ਵਿੱਚ ਭਾਗ ਲੈਣ ਲਈ ਪੁੱਛਣ ਵਾਸਤੇ ਲਿਖ ਰਹੀ ਹਾਂ। ਇਸ ਸਰਵੇਖਣ ਨੂੰ NHS England ਦੀ ਤਰਫ਼ੋ Ipsos MORI ਵੱਲੋਂ ਕੀਤਾ ਜਾ ਰਿਹਾ ਹੈ। ਹਰ ਸਾਲ ਤਕਰੀਬਨ 1 ਮਿਲੀਅਨ ਲੋਕ ਸਰਵੇਖਣ ਵਿੱਚ ਭਾਗ ਲੈਣ ਦੁਆਰਾ ਸਾਡੀ ਮਦਦ ਕਰਦੇ ਹਨ।

## ਤੁਹਾਡੇ ਖੇਤਰ ਵਿੱਚ GP ਅਤੇ ਸਿਹਤ ਸੇਵਾਵਾਂ ਵਿੱਚ ਸੁਧਾਰ ਕਰਨਾ

ਇਹ ਸਰਵੇਖਣ ਤੁਹਾਡੀ GP ਸਰਜਰੀ ਅਤੇ ਹੋਰ ਸਥਾਨਕ NHS ਸੇਵਾਵਾਂ ਦੇ ਤੁਹਾਡੇ ਤਜ਼ਰਬਿਆਂ ਬਾਰੇ ਪੁੱਛਦਾ ਹੈ, ਅਤੇ ਇਸ ਵਿੱਚ ਤੁਹਾਡੇ ਬਾਰੇ ਅਤੇ ਤੁਹਾਡੀ ਆਮ ਸਿਹਤ ਬਾਰੇ ਸਵਾਲ ਸ਼ਾਮਲ ਹਨ। ਜੋ ਜਵਾਬ ਅਸੀਂ ਵਾਪਸ ਹਾਸਲ ਕਰਦੇ ਹਾਂ, ਉਹ NHS ਨੂੰ ਤੁਹਾਡੇ ਵਰਗੇ ਲੋਕਾਂ ਅਤੇ ਤੁਹਾਡੇ ਪਰਿਵਾਰ ਵਾਸਤੇ ਸਥਾਨਕ ਸਿਹਤ ਸੇਵਾਵਾਂ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਦੇ ਹਨ। ਚਾਹੇ ਤੁਸੀਂ ਹਾਲੀਆ ਸਮੇਂ ਵਿੱਚ ਆਪਣੀ GP ਸਰਜਰੀ ਵਿਖੇ ਨਹੀਂ ਵੀ ਗਏ, ਜਾਂ ਜੇ ਤੁਸੀਂ ਪਹਿਲਾਂ ਵੀ ਕੋਈ ਪ੍ਰਸ਼ਨਾਵਲੀ ਭਰੀ ਹੈ, ਤਾਂ ਵੀ ਇਹ ਸੱਚਮੁੱਚ ਮਹੱਤਵਪੂਰਨ ਹੈ ਕਿ ਅਸੀਂ ਤੁਹਾਡੇ ਵਿਚਾਰ ਸੁਣੀਏ।

ਨੱਥੀ ਪ੍ਰਸ਼ਨਾਵਲੀ ਨੂੰ ਭਰਕੇ ਜਾਂ ਆਨਲਾਈਨ ਭਾਗ ਲਵੋ। NHS ਲਈ ਆਨਲਾਈਨ ਭਾਗ ਲੈਣਾ ਸਸਤਾ ਹੈ।

ਪ੍ਰਸ਼ਨਾਵਲੀ ਨੂੰ ਭਰੋ ਅਤੇ ਉਸ ਨੂੰ ਨੱਥੀ ਲਿਫਾਫੇ ਵਿੱਚ ਭੇਜ ਦੋ। ਇਹ ਮੁਫਤ ਹੈ – ਤੁਹਾਨੂੰ ਮੋਹਰ ਦੀ ਲੋੜ ਨਹੀਂ ਹੈ। ਜਾਂ ਆਨਲਾਈਨ ਭਾਗ ਲਓ।
**www.gpsurvey.net/login** ‘ਤੇ ਜਾਓ ਅਤੇ ਨੀਚੇ ਦਿੱਤੇ ਲਾਗਇਨ ਵੇਰਵਿਆਂ ਦੀ ਵਰਤੋਂ ਕਰੋ:

**ਸਰਵੇਖਣ ਸੰਖਿਆ:** 1234567890 **ਆਨਲਾਈਨ ਪਾਸਵਰਡ:** AAAAA

ਇਸ ਵਿੱਚ **15 ਮਿੰਟਾਂ ਤੋਂ ਘੱਟ** ਸਮਾਂ ਲੱਗੇਗਾ।

**ਤੁਸੀਂ ਜਲਦੀ ਤੋਂ ਜਲਦੀ ਸਰਵੇਖਣ ਭਰਕੇ NHS England ਵਿਖੇ ਸਾਡੀ ਸਹਾਇਤਾ ਕਰ ਸਕਦੇ ਹੋ। ਸਾਨੂੰ ਇਸ ਤਰ੍ਹਾਂ ਨਾਲ ਤੁਹਾਨੂੰ ਕੋਈ ਰਿਮਾਈਂਡਰ ਭੇਜਣ ਦੀ ਲੋੜ ਨਹੀਂ ਹੋਵੇਗੀ।**

## ਤੁਹਾਡੀ ਜਾਣਕਾਰੀ ਨਾਲ ਗੁਪਤ ਵਜੋਂ ਵਿਵਹਾਰ ਕੀਤਾ ਜਾਵੇਗਾ

ਅਗਲੇ ਪੰਨੇ ਉੱਤੇ ਸਰਵੇਖਣ ਅਤੇ ਗੁਪਤਤਾ ਬਾਰੇ ਵਧੇਰੇ ਜਾਣਕਾਰੀ ਦਿੱਤੀ ਗਈ ਹੈ। ਜੇ ਤੁਹਾਡੇ ਕੋਈ ਹੋਰ ਸਵਾਲ ਹਨ ਜਾਂ ਤੁਹਾਨੂੰ ਪ੍ਰਸ਼ਨਾਵਲੀ ਭਰਨ ਵਿੱਚ ਮਦਦ ਚਾਹੀਦੀ ਹੈ, ਤਾਂ **www.gp-patient.co.uk** ’ਤੇ ਜਾਓ। ਜਾਂ ਫਿਰ Ipsos MORI ਨੂੰ **ਮੁਫ਼ਤਫ਼ੋਨ 0808 819 9144 ’ਤੇ ਕਾਲ ਕਰੋ** (ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 9 ਵਜੇ; ਸ਼ਨੀਵਾਰ, ਸਵੇਰੇ 10 ਵਜੇ ਤੋਂ ਸ਼ਾਮ 5 ਵਜੇ)।

NHS ਦੀ ਮਦਦ ਕਰਨ ਲਈ ਆਪਣਾ ਕੁਝ ਸਮਾਂ ਦੇਣ ਵਾਸਤੇ ਤੁਹਾਡਾ ਬਹੁਤ-ਬਹੁਤ ਧੰਨਵਾਦ।

ਤਹਿ ਦਿਲੋਂ



Neil Churchill
Director of Patient Experience
NHS England

ਕਿਰਪਾ ਕਰਕੇ ਦੂਜੇ ਪਾਸੇ ਦੇਖੋ ☞

## ਤੁਸੀਂ ਇਹ ਸਰਵੇਖਣ ਕਿਉਂ ਚਲਾ ਰਹੇ ਹੋ?

ਇਹ ਸਰਵੇਖਣ NHS ਦੀ ਮਦਦ GP ਸਰਜਰੀਆਂ ਅਤੇ ਹੋਰ ਸਥਾਨਕ NHS ਸੇਵਾਵਾਂ ਨੂੰ ਸੁਧਾਰਨ ਲਈ ਕਰੇਗਾ, ਤਾਂ ਜੋ ਉਹ ਬੇਹਤਰ ਤਰੀਕੇ ਵਿੱਚ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਨ। ਤੁਸੀਂ ਆਪਣੀਆਂ ਸਥਾਨਕ GP ਸਰਜਰੀਆਂ ਦੇ ਨਤੀਜਿਆਂ ਸਮੇਤ, ਪਿਛਲੇ ਸਰਵੇਖਣਾਂ ਤੋਂ ਸਾਰੇ ਨਤੀਜਿਆਂ ਨੂੰ www.gp-patient.co.uk ਵੈੱਬਸਾਈਟ 'ਤੇ ਜਾ ਕੇ ਦੇਖ ਸਕਦੇ ਹੋ।

## ਤੁਹਾਨੂੰ ਮੇਰਾਂ ਨਾਂ ਅਤੇ ਪਤਾ ਕਿਵੇਂ ਮਿਲਿਆ?

ਤੁਹਾਡਾ ਨਾਂ GP ਦੇ ਨਾਲ ਰਜਿਸਟਰਡ NHS ਮਰੀਜ਼ਾਂ ਦੀ ਸੂਚੀ ਤੋਂ ਬੇਤਰਤੀਬੇ ਢੰਗ ਨਾਲ ਚੁਣਿਆ ਗਿਆ ਸੀ। ਸਧਾਰਨ ਡੇਟਾ ਸੁਰੱਖਿਆ ਨਿਯਮ ਅਤੇ ਡੇਟਾ ਸੁਰੱਖਿਆ ਕਨੂੰਨ 2018 ਦੇ ਤਹਿਤ ਅਸੀਂ, NHS England ਵਿਖੇ, ਤੁਹਾਡੇ ਬਾਰੇ ਜੋ ਜਾਣਕਾਰੀ ਰੱਖਦੇ ਹਾਂ, ਉਸ ਲਈ ('ਡੇਟਾ ਕੰਟਰੋਲਰ' ਦੇ ਤੌਰ ਤੇ) ਜਿੰਮੇਵਾਰੀ ਲੈਂਦੇ ਹਾਂ। Ipsos MORI ਇੱਕ 'ਡੇਟਾ ਪ੍ਰੋਸੈਸਰ' ਹੈ ਜੋ ਸਰਵੇਖਣ ਨੂੰ ਕਰਨ ਲਈ ਸਾਡੇ ਵੱਲੋਂ ਕਾਰਜ ਕਰਦਾ ਹੈ।

Ipsos MORI **ਤੁਹਾਡੇ ਸੰਪਰਕ ਵੇਰਵਿਆਂ ਨੂੰ ਗੁਪਤ ਰੱਖੇਗੀ** ਅਤੇ ਉਨ੍ਹਾਂ ਦਾ ਇਸਤੇਮਾਲ ਸਿਰਫ ਤੁਹਾਨੂੰ ਇਹ ਸਰਵੇਖਣ ਭੇਜਣ ਲਈ ਹੀ ਕਰੇਗੀ। Ipsos MORI ਨੂੰ ਤੁਹਾਡੀ ਸਿਹਤ ਬਾਰੇ ਕੋਈ ਵੀ ਜਾਣਕਾਰੀ ਨਹੀਂ ਦਿੱਤੀ ਗਈ ਹੈ। ਸਰਵੇਖਣ ਦੇ ਇੱਕ ਵਾਰ ਖਤਮ ਹੋ ਜਾਣ ਤੋਂ ਬਾਅਦ, Ipsos MORI ਤੁਹਾਡੇ ਸੰਪਰਕ ਵੇਰਵਿਆਂ ਨੂੰ ਨਸ਼ਟ ਕਰ ਦਏਗੀ।

NHS England ਦੇ ਨਿੱਜਤਾ ਨੋਟਿਸ ਵਿੱਚ ਦੱਸਿਆ ਗਿਆ ਹੈ ਕਿ ਤੁਸੀਂ ਕਿਵੇਂ ਸੰਪਰਕ ਕਾਇਮ ਕਰ ਸਕਦੇ ਹੋ ਅਤੇ ਤੁਹਾਡੀ ਜਾਣਕਾਰੀ ਨੂੰ ਵਰਤਣ ਦੇ ਤਰੀਕੇ ਨਾਲ ਸਬੰਧਤ ਅਧਿਕਾਰਾਂ ਬਾਰੇ ਦੱਸਿਆ ਗਿਆ ਹੈ। ਤੁਸੀਂ ਇਹ ਨੋਟਿਸ ਇਸ ਵੈਬਸਾਈਟ ਤੇ ਜਾਕੇ ਦੇਖ ਸਕਦੇ ਹੋ **www.england.nhs.uk/contact-us/privacy-notice**

## ਮੇਰੇ ਜਵਾਬਾਂ ਦਾ ਕੀ ਕੀਤਾ ਜਾਂਦਾ ਹੈ?

ਤੁਹਾਡੇ ਜਵਾਬਾਂ ਨੂੰ ਹੋਰਨਾਂ ਲੋਕਾਂ ਦੇ ਜਵਾਬਾਂ ਦੇ ਨਾਲ ਇੱਕਠੇ ਰੱਖ ਦਿੱਤਾ ਜਾਂਦਾ ਹੈ ਤਾਂ ਜੋ ਤੁਹਾਡੀ GP ਪ੍ਰੈਕਟਿਸ ਅਤੇ ਸਥਾਨਕ ਇਲਾਕੇ ਲਈ ਨਤੀਜੇ ਪ੍ਰਦਾਨ ਕੀਤੇ ਜਾ ਸਕਣ, ਅਤੇ ਰਾਸ਼ਟਰੀ ਨਤੀਜੇ ਕੱਢੇ ਜਾ ਸਕਣ। ਇਨ੍ਹਾਂ ਨੂੰ ਤੁਹਾਡੇ ਨਾਂ, ਪਤੇ ਜਾਂ NHS ਨੰਬਰ ਨਾਲ ਲਿੰਕ ਨਹੀਂ ਕੀਤਾ ਜਾਂਦਾ। ਤੁਹਾਡੇ ਜਵਾਬਾਂ ਨੂੰ Ipsos MORI ਦੁਆਰਾ ਅਤੇ ਪ੍ਰਮਾਣਿਤ NHS England ਦੇ ਕਰਮਚਾਰੀਆਂ ਅਤੇ ਖੋਜੀਆਂ ਦੁਆਰਾ ਗੁਪਤ ਰੱਖਿਆ ਜਾਏਗਾ। **ਪ੍ਰਕਾਸ਼ਿਤ ਹੋਏ ਕਿਸੇ ਵੀ ਨਤੀਜਿਆਂ ਵਿੱਚ ਕੋਈ ਵੀ ਵਿਅਕਤੀ ਤੁਹਾਡੀ ਪਛਾਣ ਨਹੀਂ ਕਰ ਸਕੇਗਾ।** ਵਧੇਰੇ ਜਾਣਕਾਰੀ ਲਈ ਇਸ ਵੈਬਸਾਈਟ ਤੇ ਜਾਓ **www.gp-patient.co.uk/confidentiality**

## ਇਸ ਪੱਤਰ ਦੇ ਅਗਲੇ ਪਾਸੇ ਉੱਤੇ ਸਰਵੇਖਣ ਨੰਬਰ ਕਿਸ ਲਈ ਵਰਤਿਆ ਜਾਂਦਾ ਹੈ?

Ipsos MORI ਇਹ ਪਛਾਣ ਕਰਨ ਲਈ ਕਿ ਸਰਵੇਖਣ ਵੱਲ ਕਿਸ ਨੇ ਪ੍ਰਤੀਕਿਰਿਆ ਦਿਖਾਈ ਹੈ (ਇਸ ਲਈ, ਉਹ ਸਿਰਫ਼ ਪ੍ਰਤੀਕਿਰਿਆ ਨਾ ਦਿਖਾ ਚੁੱਕੇ ਲੋਕਾਂ ਨੂੰ ਰੀਮਾਈਂਡਰ ਪੱਤਰ ਭੇਜਦੇ ਹਨ) ਅਤੇ ਜਵਾਬਾਂ ਨੂੰ GP ਸਰਜਰੀਆਂ ਨਾਲ ਜੋੜਣ ਲਈ, ਸਰਵੇਖਣ ਨੰਬਰ ਦੀ ਵਰਤੋਂ ਕਰਦੇ ਹਨ। ਸਰਵੇਖਣ ਨੰਬਰ ਤੁਹਾਡੇ NHS ਨੰਬਰ ਨਾਲ ਜੁੜਿਆ ਹੋਇਆ ਨਹੀਂ ਹੈ।

ਇਸ ਸਰਵੇਖਣ ਵਿੱਚ ਭਾਗ ਲੈਣਾ ਸਵੈ-ਇੱਛਤ ਹੈ। ਜੇ ਤੁਸੀਂ ਇਸ ਸਰਵੇਖਣ ਬਾਰੇ ਕੋਈ ਰੀਮਾਈਂਡਰ ਪ੍ਰਾਪਤ ਨਹੀਂ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਇੱਕ ਖਾਲੀ ਪ੍ਰਸ਼ਨਾਵਲੀ ਵਾਪਿਸ ਭੇਜੋ ਜਾਂ Ipsos MORI ਦੇ ਨਾਲ ਫ੍ਰੀਫ਼ੋਨ 0808 819 9144 'ਤੇ ਸੰਪਰਕ ਕਰੋ।

## ਕੀ ਪ੍ਰਸ਼ਨਾਵਲੀ ਭਰਣ ਵਿੱਚ ਕੋਈ ਮੇਰੀ ਮਦਦ ਕਰ ਸਕਦਾ ਹੈ?

ਹਾਂ, ਇਸ ਵਿੱਚ ਕੋਈ ਹਰਜ਼ ਨਹੀਂ। ਤੁਸੀਂ ਸਾਡੀ ਟੀਮ ਨਾਲ ਸੰਪਰਕ ਕਰ ਸਕਦੇ ਹੋ ਜਾਂ ਕਿਸੇ ਦੋਸਤ ਜਾਂ ਰਿਸ਼ਤੇਦਾਰ ਤੋਂ ਮਦਦ ਮੰਗ ਸਕਦੇ ਹੋ, ਪਰ ਕਿਰਪਾ ਕਰਕੇ ਯਕੀਨੀ ਬਣਾਓ ਕਿ ਜਵਾਬ ਸਿਰਫ਼ ਤੁਹਾਡੇ ਤਜਰਬਿਆਂ ਬਾਰੇ ਹੋਣ।

# ਜੇ ਤੁਹਾਨੂੰ ਪ੍ਰਸ਼ਨਾਵਲੀ ਦੀ ਇੱਕ ਨਕਲ ਵੱਡੇ ਪ੍ਰਿੰਟ ਜਾਂ ਬ੍ਰੇਲ ਚਾਹੀਦੀ ਹੈ ਤਾਂ ਫ੍ਰੀਫੋਨ 0800 819 9144 'ਤੇ ਕਾਲ ਕਰੋ।